# ਅਠਵੇਂ ਨਾਨਕ

## ਗੁਰੂ ਹਰਿ ਕ੍ਰਿਸ਼ਨ ਜੀ

**ਅਪ੍ਰੈਲ ੧, ੨੦੨੨**

ਸ੍ਰੀ ਹੇਮਕੁੰਟ ਫ਼ਾਊਂਡੇਸ਼ਨ
ਦੇ
ਸ਼ਰਧਾਲੂ ਸੇਵਾਦਾਰਾਂ ਵਲੋਂ

# ਤਤਕਰਾ


| | | |
|---|---|---|
| | ਭੂਮਿਕਾ | ੩ |
| ੧ | ਮੁਢਲਾ ਜੀਵਨ ਅਤੇ ਗੁਰਗੱਦੀ | ੫ |
| ੨ | ਛੱਜੂ ਅਤੇ ਗੀਤਾ ਦੀ ਗਾਥਾ | ੬ |
| ੩ | ਤੇਗ਼ ਬਹਾਦਰ ਜੀ ਨੂੰ ਮਿਲਨਾ | ੮ |
| ੪ | ਔਰੰਗਜ਼ੇਬ ਨੂੰ ਮਿਲਨਾ | ੯ |
| ੫ | ਚੀਚਕ ਨਾਲ ਪੀੜਤ ਹੋਣਾ | ੧੦ |
| ੬ | ਸਿਰਫ ਗੁਰਬਾਣੀ ਹੀ ਅੰਮ੍ਰਿਤ ਹੈ | ੧੧ |
| ੭ | ਗੁਰੂ ਹਰਿਕ੍ਰਿਸ਼ਨ ਜੀ ਦੀਆਂ ਵਿਸ਼ੇਸ਼ਤਾਈਆਂ | ੧੨ |
| | ਵਿਸ਼ੇਸ਼ ਸੰਸਾਰਕ ਘਟਨਾਵਾਂ | ੧੩ |
| | ਹਵਾਲੇ | ੧੪ |
| | ਫਾਉਨਡੇਸ਼ਨ ਦੀਆਂ ਪੁਸਤਕਾਂ | ੧੫ |

# ਭੂਮਿਕਾ

ਹੇਮਕੁੰਟ ਫ਼ਾਉਂਡੇਸ਼ਨ ਦੀ ਸਥਾਪਨਾ ਨਿਊ ਯਾਰਕ, ਅਮਰੀਕਾ ਵਿਚ (੧੯੮੦ ਵਿਚ) ਚਾਰ ਦਹਾਕੇ ਪਹਿਲਾਂ ਕੀਤੀ ਗਈ। ਇਸ ਫ਼ਾਉਂਡੇਸਨ ਦੇ ਪਰਮੁੱਖ ਉਦੇਸ਼ ਪੱਛਮੀ ਧਰਤੀ ਤੇ ੬-੨੫ ਸਾਲਾਂ ਦੀ ਆਯੂ ਦੇ ਬੱਚੇ ਅਤੇ ਨੌ-ਜੁਆਨਾਂ ਨੂੰ ਸਿੱਖੀ ਦੀ ਸਿਖਿਆ ਪ੍ਰਾਪਤ ਕਰਨ ਵਿਚ ਸਹਾਇਤਾ ਕਰਨਾ, ਆਮ ਲੋਕਾ ਵਿਚ ਬੋਲਣ ਦਾ ਗੁਣ ਸਿਖਾਣਾ ਅਤੇ ਸਿੱਖ ਹੋਣ ਵਜੋਂ ਗੌਰਵ ਅਨੁਭਵ ਕਰਨਾ ਹੈ।

ਇਹ ਸਭ ਕੁਝ ਅਸੀਂ ਗੁਰੂਆਂ ਦੀਆਂ ਜੀਵਨੀ-ਅਧਾਰਤ ਸਿਖਿਅਕ ਪੁਸਤਕਾ ਰਾਹੀਂ, ਸਿੱਖ ਇਤਿਹਾਸ ਰਾਹੀਂ ਅਤੇ ਸਿੱਖ ਫ਼ਿਲਾਸਫ਼ੀ ਰਾਹੀਂ ਕਰਦੇ ਹਾਂ। ਨੌ-ਜੁਆਨਾਂ ਨੂੰ ਸਿੱਖੀ ਬਾਰੇ ਜਾਨਕਾਰੀ ਨੂੰ ਦੂਸਰਿਆਂ ਵਿੱਚ ਪ੍ਰਗਟਾਵਾ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ ਅਤੇ ਇਕ ਦੂਜੇ ਨਾਲ ਗੱਲ ਬਾਤ ਕਰਦਿਆਂ ਸਿੱਖੀ ਬਾਰੇ ਸੁਚੱਜੇ ਤਰੀਕੇ ਨਾਲ ਦਸ ਸਕਨ।

ਫ਼ਾਉਂਡੇਸ਼ਨ ਵਲੋਂ ਪ੍ਰਯੋਜਿਤ ਕੀਤੇ ਇਸ ਸਬੰਧ ਵਿਚ ਪ੍ਰਮੁੱਖ ਅਦਾਇਗੀ ਲਈ ਇਕ ਸਾਲਾਨਾ ਗੋਸ਼ਟੀ-ਸੰਮੇਲਨ ਹੁੰਦਾ ਹੈ। ੬-੮ ਸਾਲ, ੯-੧੧ ਸਾਲ, ੧੨- ੧੪ ਸਾਲ, ੧੫-੧੭ ਸਾਲ ਅਤੇ ੧੮-੨੫ ਸਾਲਾਂ ਦੇ ਪ੍ਰਤੀਯੋਗੀ ਇਸ ਪ੍ਰਤੀਯੋਗਤਾ ਵਿਚ ਹਿੱਸਾ ਲੈਂਦੇ ਹਨ। ਹਰੇਕ ਗਰੁੱਪ ਲਈ ਇਕ ਆਯੂ-ਉਚਿੱਤ ਪੁਸਤਕ ਨਿਰਧਾਰਤ ਕੀਤੀ ਜਾਂਦੀ ਹੈ। ਇਹ ਗੋਸ਼ਟੀ-ਸੰਮੇਲਨ ਪ੍ਰਤੀਯੋਗੀਆ ਨੂੰ ਵੱਖ ਵੱਖ ਵਿਸ਼ਿਆਂ ਦੇ ਅਲੋਚਨਾਤਮਿਕ ਨਿਰੀਖਣ ਕਰਨ ਲਈ ਉਤਸ਼ਾਹਤ ਕਰਦਾ ਹੈ ਅਤੇ ਮੰਚ ਤੋਂ ਨਿਸ਼ਚਿਤ ਸਮੇਂ ਵਿਚ ਕੁਝ ਸਵਾਲਾਂ ਦੇ ਜੁਆਬ ਦੇਣੇ ਹੁੰਦੇ ਹਨ। ਭਾਸ਼ਨ-ਕਲਾ ਅਤੇ ਵਿਸ਼ਾ-ਵਸਤੂ ਅਨੁਸਾਰ ਪ੍ਰਤੀਯੋਗੀਆ ਦਾ ਵਰਗੀਕਰਣ ਕੀਤਾ ਜਾਂਦਾ ਹੈ।

ਹਰ ਸਾਲ, ਇਕ ਤਿੰਨ-ਪੱਧਰੀ ਮੁਕਾਬਲਾ ਕਰਵਾਇਆ ਜਾਂਦਾ ਹੈ। ਪਹਿਲੇ ਪੱਧਰ ਤੇ ਅਮਰੀਕਾ, ਇੰਗਲੈਂਡ ਅਤੇ ਕੀਨੀਆ ਤੋਂ ਕੋਈ ੨੫੦੦ ਬੱਚੇ ਅਤੇ ਨੌ-ਜੁਆਨ ਸਥਾਨਕ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਦੂਜੇ ਪੱਧਰ ਤੇ ਲਗ ਭਗ ੪੦੦ ਪ੍ਰਤੀਯੋਗੀ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਸਥਾਨਕ ਮੁਕਾਬਲੇ ਵਿਚ ਇਹਨਾ ਵਿਚੋਂ ਪਹਿਲਾ ਅਤੇ ਦੂਜਾ ਪੱਧਰ ਦੇ ਸਥਿਤੀ-ਧਾਰਕ ਬਣਦੇ ਹਨ। ਤੀਜੇ ਪੱਧਰ ਤੇ, ਲਗ ਭਗ ੧੨੫ ਪ੍ਰਤੀਯੋਗੀ ਮੁਕਾਬਲਾ ਕਰਦੇ ਹਨ। ਇਹਨਾ ਵਿਚੋਂ ਦੂਜੇ ਦਰਜੇ ਦੇ ਪਹਿਲੇ ਸਥਿਤੀ-ਧਾਰਕ ਬਣਦੇ ਹਨ। ਇਹੀ ਅੰਤਮ ਅਤੇ ਅੰਤਰ-ਰਾਸ਼ਟਰੀ ਪੱਧਰ ਹੈ।

ਬੀਤੇ ਸਾਲਾਂ ਵਿਚ, ਫ਼ਾਉਂਡੇਸ਼ਨ ਨੇ ਭਾਰਤ ਅਤੇ ਯੂਕੇ ਆਦਿਕ ਵਿਚ ਛਪੀਆਂ ਪੁਸਤਕਾ ਦੀ ਵਰਤੋਂ ਕੀਤੀ। ਹਰ ਸਾਲ ਹੀ ਮਾਪਿਆਂ, ਪ੍ਰਤੀਯੋਗੀਆ ਅਤੇ ਜੱਜਾਂ ਨੇ ਉਚਿੱਤ ਆਲੋਚਨਾ ਕੀਤੀ ਕਿ ਮੁਕਾਬਲੇ ਲਈ ਨਿਰਧਾਰਤ ਕੀਤੀਆਂ ਕੁਝ ਪੁਸਤਕਾਂ ਤਸੱਲੀ-ਬਖ਼ਸ਼ ਨਹੀਂ ਹਨ। ਅੰਗ੍ਰੇਜ਼ੀ ਦੀ ਸ਼ਬਦਾਵਲੀ, ਵਾਕ-ਬਣਤਰ ਅਤੇ ਪਰਸੰਗ ਪੱਛਮੀ ਸਰੋਤਿਆਂ ਲਈ ਢੁਕਵੇਂ ਨਹੀਂ ਹਨ। ਬਹੁਤੀਆਂ ਗਾਥਾ ਅਤੇ ਸਾਖੀਆਂ ਕਿਸੇ ਦਲੀਲ ਜਾਂ ਸਧਾਰਨ ਧਾਰਣਾ ਨੂੰ ਵਿਸ਼ੇਸ਼ਤਾ ਦੇਣ ਦੇ ਬਦਲੇ ਅਣ-ਉਚਿਤ “ਚਮਤਕਾਰੀ”ਰੂਪ ਵਿਚ ਦਸੀਆਂ ਗਈਆਂ ਹਨ।

ਇਸ ਸਥਿਤੀ ਨੂੰ ਸੁਧਾਰਨ ਲਈ, ਫ਼ਾਉਂਡੇਸ਼ਨ ਨੇ ਕੁਝ ਸਾਲ ਪਹਿਲਾਂ ਫ਼ੈਸਲਾ ਕੀਤਾ ਕਿ ਕਿਤਾਬਾਂ ਦੇ ਲਿਖਣ ਲਈ ਖੁਦ ਉਪਰਾਲਾ ਕੀਤਾ ਜਾਵੇ ਤਾਕਿ ਗੋਸ਼ਟੀ ਸੰਮੇਲਨ ਅਤੇ ਸਾਲਾਨਾ ਮੁਕਾਬਲਿਆਂ ਲਈ ਉਚਿਤ ਕਿਤਾਬਾਂ ਦੀ ਵਰਤੋਂ ਕੀਤੀ ਜਾ ਸਕੇ। ਫ਼ਾਉਂਡੇਸ਼ਨ ਦੇ ਸ਼ਰਧਾਵਾਨ ਸੇਵਾਦਾਰਾਂ ਨੇ ਇਸ ਸੇਵਾ ਦੀ ਜਿਮੇਵਾਰੀ ਲਈ।

ਹਥਲੀ ਪੁਸਤਕ ੯-੧੧ ਸਾਲਾ ਦੇ ਗਰੁੱਪ ਲਈ ਬਣਾਈ ਗਈ ਹੈ। ਕੋਸ਼ਸ਼ ਕੀਤੀ ਗਈ ਹੈ ਕਿ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਦਲੀਲ ਪੂਰਵਕ ਢੰਗ ਨਾਲ ਪੇਸ ਕੀਤਾ ਜਾਏ। ਇਸ ਪੁਸਤਕ ਵਿਚ ਸਧਾਰਨ ਅਤੇ ਆਸਾਨ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਤਾਂਕਿ ਗਲ ਆਸਾਨੀ ਨਾਲ ਸਮਝ ਆ ਸਕੇ। ਉਹਨਾਂ ਘਟਨਾਵਾਂ ਅਤੇ ਸਥਾਨਾ ਦੇ ਹਵਾਲਿਆਂ ਦੀ ਵਰਤੋਂ ਤੋਂ ਪਰਹੇਜ਼ ਕੀਤਾ ਗਿਆ ਹੈ ਜਿਹਨਾਂ ਤੋਂ ਪੱਛਮੀ ਦੇਸ਼ਾਂ ਦੇ ਸਕੂਲ ਜਾਂਦੇ ਬੱਚੇ ਸਧਾਰਨ ਤੌਰ ਤੇ ਜਾਣੂ ਨ ਹੋਣ। ਅਧਿਆਪਕ ਅਤੇ ਮਾਪਿਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਾਰੀ ਸਮੱਗਰੀ ਸਮਝਣ ਵਿਚ ਪੂਰੀ ਤਰ੍ਹਾਂ ਸਹਾਇਕ ਬਣਨ ਤਾਕਿ ਵਿਦਿਆਰਥੀ ਕਿਸੇ ਵੀ ਭਾਵਨਾਵਾਂ ਅਤੇ ਸੰਦੇਸ਼ਾਂ ਨੂੰ ਯਕੀਨਨ ਸਮਝਣ, ਨਾਕਿ ਸਿਰਫ਼ ਇਤਿਹਾਸਕ ਤੱਤਾਂ ਨੂੰ ਹੀ ਯਾਦ ਰਖਣ। 'ਫ਼ਾਉਂਡੇਸ਼ਨ' ਇਸ ਪੁਸਤਕ ਦੀ ਵਰਤੋਂ ਸਾਲਾਨਾ ਗੋਸ਼ਟੀਆਂ (ਬੋਲ ਚਾਲ ਦੇ ਮੁਕਾਬਲਿਆਂ) ਲਈ ਕਰਦੀ ਹੈ। ਅੰਤਰ-ਰਾਸ਼ਟਰੀ ਸਾਲਾਨਾ ਗੋਸ਼ਟੀਆਂ ਲਈ ਸਬੰਧਤ ਜਾਣਕਾਰੀ ਲਈ ਦੇਖੋ: ਾਇਬਸਟਿਏ ਾਾ.ਹਏਮਕੁਨਟ੨ੋ.ਰਗ.

ਇਸ ਪੁਸਤਕ ਦੀਆ ਅੰਗ੍ਰੇਜ਼ੀ ਅਤੇ ਪੰਜਾਬੀ ਦੇ ਦੋਨੋ ਰੁਪਾਂਤਰ ਸਾਡੀ ਵੈੱਬਸਾਈਟ ਤੇ ਹਨ। ਗੁਰਦੁਆਰਿਆਂ ਰਾਹੀਂ ਚਲਾਏ ਜਾ ਰਹੇ 'ਸੰਡੇ ਸਕੂਲ' ਵੀ ਇਸ ਪੁਸਤਕ ਨੂੰ ਮੁਫ਼ਤ ਵਰਤ ਸਕਦੇ ਹਨ। ਇਹਨਾ ਪੁਸਤਕਾਂ ਦੇ ਵਰਤਣ ਲਈ 'ਫ਼ਾਉਂਡੇਸ਼ਨ' ਪਾਸੋਂ ਕੋਈ ਆਗਿਆ ਲੈਣ ਦੀ ਜ਼ਰੂਰਤ ਨਹੀਂ।

ਪੁਸਤਕ ਦੀ ਬੇਹਤਰੀ ਲਈ ਕਿਸੇਤਰ੍ਹਾਂ ਦੇ ਵੀ ਸਲਾਹ-ਮਸ਼ਵਰਾ ਅਤੇ ਟਿਪਣੀਆਂ ਨੂੰ ਸਦਾ ਹੀ 'ਜੀ ਆਇਆਂ" ਕਹਿੰਦੇ ਹਾਂ।

*ਕਰਮਜੀਤ ਸਿੰਘ*
*ਵਾਈਸ ਪ੍ਰੈਸੀਡੈਂਟ*
*੫੧੬-੭੮੨-੩੨੫੭*
*hemkunt@hemkunt2.org*
ਨਿਊ ਯਾਰਕ, ਯੂ. ਐੱਸ. ਏ.

# ੧. ਮੁੱਢਲਾ ਜੀਵਨ ਅਤੇ ਗੁਰਗੱਦੀ

**੧੬੫੬** (ਜਨਮ): ਹਰਿ ਕ੍ਰਿਸ਼ਨ ਜੀ ਦਾ ਜਨਮ *੭* ਜੁਲਾਈ, ੧੬੫੬ ਨੂੰ ਕੀਰਤਪੁਰ ਵਿਖੇ ਹੋਇਆ। ਆਪ ਜੀ ਗੁਰੂ ਹਰਿ ਰਾਏ ਜੀ ਅਤੇ ਮਾਤਾ ਕ੍ਰਿਸ਼ਨ ਕੌਰ (ਸੁਲੱਖਣੀ) ਦੇ ਛੋਟੇ ਸਪੁੱਤਰ ਸਨ। ਰਾਮ ਰਾਏ ਆਪ ਜੀ ਦਾ ਵੱਡਾ ਭਰਾ ਸੀ। ਹਰਿ ਕ੍ਰਿਸ਼ਨ ਜੀ ਬਾਬਾ ਗੁਰਦਿਤਾ ਦੇ ਪੋਤਾ ਅਤੇ ਛੇਵੇਂ ਨਾਨਕ ਗੁਰੂ ਹਰਿ ਗੋਬਿੰਦ ਜੀ ਦੇ ਪ੍ਰੋਤੜਾ ਸਨ।

<table>
<tr><th></th><th>ਸਪੁੱਤਰ</th><th>ਸਪੱਤਰ</th><th>ਸਪੁੱਤਰ</th></tr>
<tr><td rowspan="7">ਗੁਰੂ ਹਰਿਗੋਬਿੰਦ ਜੀ<br>(ਛੈਂ ਨਾਨਕ )</td><td rowspan="3">ਬਾਬਾ ਗੁਰਦਿਤਾ</td><td>ਬਾਬਾ ਧੀਰ ਮਲ</td><td></td></tr>
<tr><td rowspan="2">(ਗੁਰੂ ਹਰਿ ਰਾਏ ਜੀ<br>(ਸਤਵੇਂ ਨਾਨਕ )</td><td>ਬਾਬਾ ਰਾਮ ਰਾਏ</td></tr>
<tr><td>(ਗੁਰੂ ਹਰਿ ਕ੍ਰਿਸ਼ਨ ਜੀ<br>(੮ਵੇਂ ਨਾਨਕ )</td></tr>
<tr><td>ਬਾਬਾ ਅਟਲ ਰਾਏ</td><td rowspan="3"></td><td rowspan="4"></td></tr>
<tr><td>ਬਾਬਾ ਸੂਰਜ ਮਲ</td></tr>
<tr><td>ਬਾਬਾ ਅਣੀ ਰਾਏ</td></tr>
<tr><td>(ਗੁਰੂ ਤੇਗ ਬਹਾਦਰ ਜੀ<br>(੯ਵੇਂ ਨਾਨਕ)</td><td>(ਗੁਰੂ) ਗੋਬਿੰਦ ਸਿੰਘ ਜੀ<br>(੧੦ਵੇਂ ਨਾਨਕ)</td></tr>
</table>

ਹਰਿ ਕ੍ਰਿਸ਼ਨ ਜੀ ਨੇ ਆਪਣੇ ਜੀਵਨ ਦਾ ਸਾਰਾ ਸਮਾਂ, ਆਖਰੀ ਦੋ ਹਫ਼ਤੇ ਤੋਂ ਬਿਨਾਂ, ਕੀਰਤਪੁਰ ਵਿਖੇ ਗੁਜ਼ਾਰਿਆ। ਵਿਦਿਅੱਕ ਵਿਸ਼ਿਆਂ ਦੀ ਲਗਾਤਾਰ ਪੜ੍ਹਾਈ ਦੇ ਨਾਲ, ਆਪ ਜੀ ਨੇ ਗੁਰਮਤ ਵਿਚ ਵੀ ਉਤਮ ਵਿੱਦਿਆ ਪ੍ਰਾਪਤ ਕੀਤੀ।

**੧੬੬੧** (ਉਮਰ ੫ ਸਾਲ): ਸਤਵੇਂ ਨਾਨਕ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਗੁਰਗੱਦੀ ਨਹੀਂ ਦਿਤੀ ਸੀ, ਕਿਉਂਕਿ ਉਸਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਗੁਰੂ ਨਾਨਕ ਦੀ ਬਾਣੀ ਬਦਲ ਦਿਤੀ ਸੀ। (ਚੈਪਟਰ ੧੪)। ਪੰਜ ਸਾਲ ਦੀ ਉਮਰ ਵਿਚ, ਗੁਰੂ ਹਰਿ ਰਾਏ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ੧੬੬੧ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਅੱਠਵਾਂ ਨਾਨਕ ਘੋਸ਼ਤ ਕਰ ਦਿਤਾ। (ਚੈਪਟਰ ੧੫)

# ੨. ਛੱਜੂ ਅਤੇ ਗੀਤਾ ਦੀ ਗਾਥਾ

**੧੬੬੪** (ਉਮਰ ੮ ਸਾਲ): ਅਠਵੇਂ ਨਾਨਕ ਦੇ ਜੀਵਨ ਨਾਲ ਸਬੰਧਤ ਇਕ ਆਮ ਜਾਣੀ ਜਾਂਦੀ ਗਾਥਾ ਹੈ ਜਦ ਗੁਰੂ ਜੀ ਨੇ ਇਕ ਅਨਪੜ੍ਹ ਲਗਦੇ ਸਿੱਖ ਪਾਸੋਂ ਗੀਤਾ, ਜੋ ਇਕ ਹਿੰਦੂ ਧਾਰਮਿਕ ਗ੍ਰੰਥ ਹੈ, ਦੀ ਇਕ ਤੁਕ ਦੀ ਵਿਆਖਿਆ ਕਰਵਾਈ

ਇਹ ਗਾਥਾ ਇਵੇਂ ਚਲਦੀ ਹੈ: ਅਠਵੇਂ ਨਾਨਕ ਦਿੱਲੀ ਜਾਣ ਲਈ ਕੀਰਤਪੁਰ ਤੋਂ ਚੱਲ ਪਏ। ਜਾਂਦਿਆਂ ਹੋਇਆਂ ਆਪ ਜੀ ਅੰਬਾਲਾ (ਹੁਣ ਹਰਿਆਣਾ ਵਿਚ) ਨੇੜੇ ਪੰਜੋਖੜਾ ਵਿਖੇ ਰੁਕੇ। ਇਥੇ ਆਪ ਜੀ ਇਕ ਪ੍ਰਸਿਧ ਬ੍ਰਹਮਣ ਲਾਲ ਚੰਦ ਨੂੰ ਮਿਲੇ, ਜੋ ਬ੍ਰਾਹਮਣ ਬਰਾਦਰੀ ਦਾ ਪੁਜਾਰੀ ਸੀ। ਪੁਜਾਰੀ ਜਾਣਦਾ ਸੀ ਕਿ ਸਿੱਖਾਂ ਨੇ ਗੁਰੂ ਨਾਨਕ ਦੇ ਸਮੇਂ ਤੋਂ ਮੂਰਤੀ ਪੂਜਾ ਅਤੇ ਕਰਮਕਾਂਡਾਂ ਦਾ ਖੰਡਨ ਕੀਤਾ ਸੀ। ਬਹੁਤੇ ਹਿੰਦੂ ਸਿੱਖਾਂ ਅਤੇ ਸਿੱਖਾਂ ਦੇ ਗੁਰੂਆਂ ਪ੍ਰਤੀ ਦੁਸ਼ਮਣੀ ਰਖਦੇ ਸਨ। ਇਸਤਰ੍ਹਾਂ ਬ੍ਰਾਹਮਣ ਪੁਜਾਰੀਆਂ ਦੀ ਕਮਾਈ ਘਟ ਗਈ ਸੀ ਕਿਉਂਕਿ ਜਿਹੜੇ ਸਿੱਖ ਬਣ ਗਏ, ਉਹਨਾਂ ਨੇ ਧਾਰਮਿਕ ਅਗਵਾਈ ਲਈ ਹਿੰਦੂ ਪੁਜਾਰੀਆਂ ਕੋਲ ਜਾਣਾ ਬੰਦ ਕਰ ਦਿਤਾ ਸੀ।

ਕਹਾਣੀ ਇਸਤਰ੍ਹਾਂ ਹੈ ਕਿ ਲਾਲ ਚੰਦ ਸ਼ੇਖ਼ੀ ਮਾਰਿਆ ਕਰਦਾ ਸੀ ਕਿ ਉਹ ਸਾਰੇ ਹਿੰਦੂ ਧਾਰਮਿਕ ਗ੍ਰੰਥ ਜਾਣਦਾ ਸੀ। ਉਹ ਜਾਣ ਬੁੱਝ ਕੇ ਗੁਰੂ ਜੀ ਨੂੰ ਮਿਲਣ ਗਿਆ ਜਦ ਗੁਰੂ ਜੀ ਸੰਗਤ ਵਿਚ ਬੈਠੇ ਗੱਲ ਬਾਤ ਕਰ ਰਹੇ ਸਨ। ਬਹੁਤ ਸਾਰੇ ਲੋਕ ਹਾਜ਼ਰੀ ਵਿਚ ਸਨ। ਪੁਜਾਰੀ ਨੇ ਸਾਰਿਆਂ ਨੂੰ ਇਹ ਦਿਖਾਉਣ ਦਾ ਫ਼ੈਸਲਾ ਕੀਤਾ ਕਿ ਇਹ ਸਿੱਖ ਗੁਰੂ, ਜੋ ਬਹੁਤ ਛੋਟੀ ਉਮਰ ਦਾ ਸੀ (ਸਿਰਫ਼ ਅੱਠ ਸਾਲ), ਉਸਨੂੰ ਧਾਰਮਿਕ ਗ੍ਰੰਥਾਂ ਬਾਰੇ ਜਿਵੇਂ ਵੇਦ, ਪੁਰਾਣ ਅਤੇ ਗੀਤਾ ਬਾਰੇ ਕੋਈ ਪਤਾ ਨਹੀਂ ਸੀ।

ਲਾਲ ਚੰਦ ਨੇ ਗੀਤਾ ਵਿਚੋਂ ਇਕ ਤੁਕ ਬੋਲੀ ਅਤੇ ਉਸਦੀ ਵਿਆਖਿਆ ਕਰਨ ਲਈ ਗੁਰੂ ਜੀ ਨੂੰ ਕਿਹਾ। ਗੁਰੂ ਜੀ ਨੇ ਜੁਆਬ ਦਿਤਾ ਕਿ ਬੈਠੇ ਸਰੋਤਿਆਂ ਵਿਚ ਕੋਈ ਵੀ ਸਿੱਖ ਇਸ ਦੀ ਵਿਆਖਿਆ ਕਰ ਸਕਦਾ ਹੈ। ਲਾਲ ਚੰਦ ਨੂੰ ਇਸ ਤੇ ਵਿਸ਼ਵਾਸ਼ ਨਾ ਆਇਆ। ਉਸਨੇ ਕਿਹਾ ਕਿ ਕੀ ਪੁਜਾਰੀ ਆਪ ਹੀ ਇਹਨਾਂ ਸਰੋਤਿਆਂ ਵਿਚੋਂ ਕਿਸੇ ਵਿਅੱਕਤੀ ਨੂੰ ਕਹਿ ਸਕਦਾ ਸੀ, ਤਾਂ ਗੁਰੂ ਜੀ ਮੰਨ ਗਏ। ਲਾਲ ਚੰਦ ਨੇ ਛੱਜੂ ਰਾਮ ਨੂੰ ਚੁਣ ਲਿਆ, ਜੋ ਨੀਵੀਂ ਜਾਤੀ ਦਾ ਇਕ ਅਨਪੜ੍ਹ ਵਿਅੱਕਤੀ ਲਗਦਾ ਸੀ। ਗੁਰੂ ਜੀ ਨੇ ਇਕ ਛੜੀ ਉਸ ਛੱਜੂ ਰਾਮ ਵੱਲ ਕੀਤੀ ਅਤੇ ਉਸਨੂੰ ਕਿਹਾ ਕਿ ਉਹ ਇਸ ਤੁਕ ਦੀ ਵਿਆਖਿਆ ਲਾਲ ਚੰਦ ਨੂੰ ਸੁਣਾਵੇ।

ਛੱਜੂ ਰਾਮ ਵਲੋਂ ਕੀਤੀ ਮੰਨਣ ਯੋਗ ਵਿਆਖਿਆ ਨੂੰ ਸੁਣ ਕੇ ਲਾਲ ਚੰਦ ਹੈਰਾਨ ਹੋ ਗਿਆ। ਸਾਰਿਆਂ ਦੇ ਸਾਹਮਣੇ ਲਾਲ ਚੰਦ ਦੀ ਇਹ ਸਾਬਤ ਕਰਨ ਦੀ ਯੋਜਨਾ ਅਸਫਲ ਹੋ ਗਈ ਕਿ ਗੁਰੂ ਜੀ ਨੂੰ ਕਿਸੇ ਹਿੰਦੂ ਗ੍ਰੰਥ ਬਾਰੇ ਕੁਝ ਨਹੀਂ ਪਤਾ। ਉਸਨੇ ਉਸੇ ਵੇਲੇ ਗੁਰੂ ਜੀ ਤੋਂ ਮੁਆਫ਼ੀ ਦੀ ਮੰਗ ਕੀਤੀ। ਉਸਨੇ ਬੜੀ ਨਿਮਰਤਾ ਨਾਲ ਕਿਹਾ ਕਿ ਉਹ ਗੁਰੂ ਜੀ ਦੀ ਅਪਾਰ ਮਹਾਨਤਾ ਨੂੰ ਸਮਝ ਗਿਆ ਹੈ। ਉਸਨੇ ਗੁਰੂ ਜੀ ਤੋਂ ਦਇਆ ਮੇਹਰ ਦੇ ਨਾਲ ਇਸ ਦੁਨਿਆਵੀ ਸਾਗਰ ਤੋਂ ਰਿਹਾਈ ਦੀ ਮੰਗ ਕੀਤੀ। ਬੜੀ ਨਿਮਰਤਾ ਸਹਿਤ ਉਹ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ। ਉਹ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ

ਅਤੇ ਕੁਰਕਸ਼ੇਤਰ ਤੱਕ ਗੁਰੂ ਜੀ ਨਾਲ ਗਿਆ। ਲਾਲ ਚੰਦ ਲਾਲ ਸਿੰਘ ਬਣ ਗਿਆ ਅਤੇ ਗੁਰੂ ਗੋਬਿੰਦ ਸਿੰਘ ਦੇ ਸਿੰਘਾਂ ਨਾਲ ਮਿਲਕੇ ਲੜਨ ਵਾਲੇ ਸਿੱਖਾਂ ਵਿਚੋਂ ਇਕ ਸੀ।

ਕੁਝ ਬ੍ਰਾਹਮਣ ਲੇਖਕਾਂ ਨੇ ਇਸ ਕਹਾਣੀ ਨੂੰ ਵਧੇਰੇ ਕਰਕੇ ਤੋੜਿਆ ਮਰੋੜਿਆ ਹੈ। ਉਹਨਾ ਦਾ ਕਹਿਣਾ ਹੈ ਕਿ ਗੁਰੂ ਜੀ ਨੇ ਛੱਜੂ ਦੇ ਸਿਰ ਨੂੰ ਇਕ ਸੋਟੀ ਨਾਲ ਛੂਹਿਆ ਅਤੇ ਤਾਂ ਹੀ ਉਹ ਤੁਕ ਦੀ ਵਿਆਖਿਆ ਕਰ ਸਕਿਆ। ਉਹ ਇਹ ਦਸਣਾ ਚਾਹੁੰਦੇ ਹਨ ਕਿ ਗੁਰੂ ਜੀ ਕੋਲ ਅਲੌਕਿਕ ਸ਼ਕਤੀਆਂ ਸਨ। ਫਿਰ ਵੀ ਇਹ ਸੱਚ ਨਹੀਂ ਹੋ ਸਕਦਾ ਕਿਉਂਕਿ ਗੁਰੂ ਜੀ ਚਮਤਕਾਰਾਂ ਅਤੇ ਗੁੱਝੀਆਂ ਸ਼ਕਤੀਆਂ ਨੂੰ ਅਰਥਹੀਨ ਮੰਨਦੇ ਸਨ ਕਿਉਂਕਿ ਅਜਿਹੀਆਂ ਸ਼ਕਤੀਆਂ ਵਿਅੱਕਤੀ ਨੂੰ ਪ੍ਰਮਾਤਮਾ ਤੋਂ ਦੂਰ ਲੈ ਜਾਂਦੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੪ ਤੇ ਦਿਤੀਆ ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਇੰਜ ਹਨ: "ਜੇ ਮੈਂ ਇਕ ਸਿੱਧ ਬਣ ਜਾਵਾਂ, ਚਮਤਕਾਰ ਕਰ ਦਿਖਾਵਾਂ, ਦੌਲਤਾਂ ਇਕੱਠੀਆ ਕਰ ਲਵਾਂ ਅਤੇ ਮਰਜ਼ੀ ਅਨੁਸਾਰ ਨਜ਼ਰ ਦੇ ਸਾਹਮਣੇ ਆਵਾਂ ਜਾਂ ਅਦਿੱਖ ਹੋ ਜਾਵਾਂ ਤਾਕਿ ਲੋਕੀਂ ਇਹ ਸਭ ਕੁਝ ਦੇਖ ਕੇ ਮੇਰੇ ਪ੍ਰਤੀ ਹੈਰਾਨ ਹੋਵਣ; ਮੈਂ ਸ਼ਾਇਦ ਭਟਕ ਜਾਵਾਂ ਅਤੇ, ਓ ਰੱਬਾ, ਤੈਨੂੰ ਭੁੱਲ ਦੇਵਾਂ! ਅਤੇ ਤੇਰਾ ਨਾਮ ਮੇਰੇ ਚੇਤੇ ਵਿਚ ਨ ਆਵੇ"। ਇਸ ਦੇ ਨਾਲ ਹੀ, ਪੰਜਵੇਂ ਅਤੇ ਨੌਂਵੇਂ ਨਾਨਕ ਨੇ ਚਮਤਕਾਰ ਦਿਖਾਉਣ ਦੀ ਬਜਾਏ ਆਪਣੇ ਜੀਵਨ ਦਾ ਬਲਿਦਾਨ ਦੇਣਾ ਚੰਗਾ ਸਮਝਿਆ।

*********************

# ੩. ਤੇਗ਼ ਬਹਾਦਰ ਜੀ ਨੂੰ ਮਿਲਨਾ

**੧੬੬੪** (ਉਮਰ ੮ ਸਾਲ): ਅਠਵੇਂ ਨਾਨਕ ਮਾਰਚ ੨੦, ੧੬੬੪ ਨੂੰ ਦਿੱਲੀ ਪਹੁੰਚੇ। ਆਪ ਜੀ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ, ਜੋ ਅੱਜ ਕਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ। ਆਪ ਜੀ ਆਪਣੇ ਦਾਦਾ ਜੀ ਦੇ ਭਰਾ ਤੇਗ਼ ਬਹਾਦਰ ਜੀ ਨੂੰ ਮਾਰਚ ੨੨, ੧੬੬੪ ਨੂੰ ਮਿਲੇ। (ਚੈਪਟਰ ੧੭ ਦੇਖੋ)।

ਤੇਗ਼ ਬਹਾਦਰ ਜੀ ਬਿਹਾਰ, ਬੰਗਾਲ ਅਤੇ ਆਸਾਮ ਦੀਆਂ ਆਪਣੀਆਂ ਮਿਸ਼ਨਰੀ ਯਾਤਰਾਵਾਂ ਤੋਂ ਵਾਪਸ ਆ ਰਹੇ ਸਨ। ਆਪ ਜੀ ੨੧ ਮਾਰਚ, ੧੬੬੪ ਨੂੰ ਦਿੱਲੀ ਪਹੁੰਚੇ। ਉਹਨਾ ਨੂੰ ਪਤਾ ਲੱਗਾ ਕਿ ਅਠਵੇਂ ਨਾਨਕ ਵੀ ਦਿੱਲੀ ਵਿਚ ਸਨ। ਅਗਲੇ ਦਿਨ ਉਹ ਅਠਵੇਂ ਨਾਨਕ ਜੀ ਨੂੰ ਮਿਲਣ ਗਏ। ਉਹ ਅੱਠ ਸਾਲ ਬਾਅਦ ਮਿਲੇ ਸਨ।

ਤੇਗ਼ ਬਹਾਦਰ ਜੀ ਅਠਵੇਂ ਨਾਨਕ ਦੇ ਨਾਲ ਰਾਜਾ ਜੈ ਸਿੰਘ ਦੇ ਬੰਗਲੇ ਦਿੱਲੀ ਵਿਚ ਦੋ ਦਿਨ ਠਹਿਰੇ। ਦੋਨਾਂ ਨੇ ਸਿੱਖ ਪੰਥ ਦੇ ਮਸਲਿਆਂ ਬਾਰੇ ਕਈ ਵਿਚਾਰ ਵਟਾਂਦਰੇ ਕੀਤੇ। ਰਾਮ ਰਾਏ ਦੀ ਤਰਫ਼ਦਾਰੀ ਕਰਦਿਆਂ ਔਰੰਗਜ਼ੇਬ ਵਲੋਂ ਸਿੱਖਾਂ ਦੇ ਮਸਲਿਆਂ ਵਿਚ ਦਖਲ ਅੰਦਾਜ਼ੀ ਕਰਨ ਦੇ ਇਰਾਦੇ ਬਾਰੇ ਵੀ ਵਿਚਾਰ ਕੀਤੇ।

ਮਾਰਚ ੨੪, ੧੬੬੪ ਨੂੰ ਤੇਗ਼ ਬਹਾਦਰ ਜੀ ਪੰਜਾਬ ਵਿਚ ਆਪਣੇ ਘਰ ਬਕਾਲਾ ਜਾਣ ਵਾਸਤੇ ਦਿੱਲੀ ਤੋਂ ਚਲੇ ਗਏ।

********************

# ੪. ਔਰੰਗਜ਼ੇਬ ਨੂੰ ਮਿਲਨਾ

**੧੬੬੪** (ਉਮਰ ੮ ਸਾਲ): ਮਾਰਚ ੨੪, ੧੬੬੪ ਨੂੰ ਅਠਵੇਂ ਨਾਨਕ ਜੀ ਨੂੰ ਔਰੰਗਜ਼ੇਬ ਨਾਲ ਮਿਲਨ ਲਈ ਇਕ ਸੱਦਾ ਮਿਲਿਆ। ਮਾਰਚ ੨੫ ਨੂੰ ਗੁਰੂ ਜੀ ਅਤੇ ਉਹਨਾਂ ਦੇ ਵਿਸ਼ਵਾਸ-ਪਾਤਰ ਸਾਥੀ ਦਿੱਲੀ ਵਿਚ ਔਰੰਗਜ਼ੇਬ ਦੇ ਲਾਲ ਕਿਲਾ ਦੇ ਦਰਬਾਰ ਵਿਚ ਮਿਲਣ ਗਏ ਜਿਥੇ ਔਰੰਗਜ਼ੇਬ ਰਹਿੰਦਾ ਸੀ।

ਔਰੰਗਜ਼ੇਬ ਨੇ ਗੁਰੂ ਜੀ ਨੂੰ ਪੁਛਿਆ ਕਿ ਉਹਨਾਂ ਦੇ ਪਿਤਾ ਸਤਵੇਂ ਨਾਨਕ ਨੇ ਉਹਨਾਂ ਦੇ ਵੱਡੇ ਭਰਾ ਦੀ ਬਜਾਏ ਉਹਨਾਂ ਨੂੰ ਗੁਰਗੱਦੀ ਕਿਉਂ ਦਿਤੀ ਸੀ। ਗੁਰੂ ਜੀ ਨੇ ਜੁਆਬ ਦਿਤਾ ਕਿ ਗੁਰਗੱਦੀ ਕੋਈ ਪਿਤਾ-ਪੁਰਖੀ ਜਾਇਦਾਦ ਨਹੀਂ ਜੋ ਪਰਵਾਰ ਵਿਚ ਵੱਡੇ ਪੁੱਤਰ ਨੂੰ ਹੀ ਜ਼ਰੂਰ ਦਿਤੀ ਜਾਵੇ। ਸਤਵੇਂ ਨਾਨਕ ਨੇ ਉਸ ਵਿਅਕਤੀ ਨੂੰ ਗੁਰਗੱਦੀ ਦਿਤੀ ਸੀ ਜਿਸਨੂੰ ਉਹ ਇਸ ਜ਼ਿੰਮੇਦਾਰੀ ਦੇ ਪੂਰਾ ਯੋਗ ਸਮਝਦੇ ਸਨ।

ਔਰੰਗਜ਼ੇਬ ਨੇ ਫਿਰ ਅਠਵੇਂ ਨਾਨਕ ਨੂੰ ਕਿਹਾ ਕਿ ਉਹਨਾਂ ਦੇ ਕੋਲ ਜ਼ਰੂਰ ਕੋਈ ਚਮਤਕਾਰੀ ਸ਼ਕਤੀ ਹੋਵੇਗੀ ਜਿਸ ਕਰਕੇ ਉਹਨਾਂ ਨੂੰ ਗੁਰੂ ਬਣਨ ਵਜੋਂ ਚੁਣਿਆ ਗਿਆ ਸੀ। ਔਰੰਗਜ਼ੇਬ ਨੇ ਚਾਹਿਆ ਕਿ ਗੁਰੂ ਜੀ ਕੋਈ ਚਮਤਕਾਰ ਦਿਖਾਉਣ। ਗੁਰੂ ਜੀ ਨੇ ਕਿਹਾ ਸਿੱਖ ਚਮਤਕਾਰ ਦਿਖਾਉਣ ਵਿਚ ਵਿਸ਼ਵਾਸ ਨਹੀਂ ਕਰਦੇ। ਗੁਰੂ ਜੀ ਨੇ ਕਿਹਾ ਕਿ ਹਰ ਮਨੁੱਖ ਨੂੰ ਅਕਾਲ ਪੁਰਖ ਦਾ ਹੁਕਮ ਮੰਨਣਾ ਚਾਹੀਦਾ ਹੈ, ਨਾ ਕਿ ਕਿਸੇ ਸਥਿਤੀ ਨੂੰ ਬਦਲਣ ਲਈ ਕੋਈ ਉਪਰਾਲਾ ਕਰਨਾ। ਹਰ ਵਿਅੱਕਤੀ ਨੂੰ ਅਕਾਲ ਪੁਰਖ ਵਲ ਧਿਆਨ ਲਗਾਨਾ ਚਾਹੀਦਾ ਹੈ। ਆਮ ਕਰਕੇ, ਕੁਦਰਤ ਦੇ ਨਿਯਮਾਂ ਵਿਰੁੱਧ ਜਾਣ ਨੂੰ ਹੀ ਚਮਤਕਾਰ ਕਿਹਾ ਜਾਂਦਾ ਹੈ। ਔਰੰਗਜ਼ੇਬ ਕੋਲ ਹੋਰ ਕੋਈ ਸਵਾਲ ਨਹੀਂ ਸੀ।

ਗੁਰੂ ਜੀ ਫਿਰ ਲਾਲ ਕਿਲੇ ਤੋਂ ਰਾਜਾ ਜੈ ਸਿੰਘ ਦੇ ਬੰਗਲੇ ਵਲ ਚੱਲ ਪਏ।

********************

# ੫. ਚੀਚਕ ਨਾਲ ਪੀੜਤ ਹੋਣਾ

**੧੬੬੪** (ਉਮਰ ੮ ਸਾਲ): ਅਠਵੇਂ ਨਾਨਕ ਜਦੋਂ ਲਾਲ ਕਿਲੇ ਤੋਂ ਵਾਪਸ ਆ ਰਹੇ ਸਨ, ਤਾਂ ਬਹੁਤ ਸਾਰੇ ਲੋਕ ਆਪ ਜੀ ਨੂੰ ਸਤਿਕਾਰ ਭੇਂਟ ਕਰਨ ਲਈ ਆਏ। ਉਸ ਸਮੇਂ ਦੌਰਾਨ, ਦਿੱਲੀ ਚੀਚਕ ਮਹਾਂਮਾਰੀ ਦੀ ਗ੍ਰਿਫ਼ਤ ਵਿਚ ਸੀ। ਇਸ ਬੀਮਾਰੀ ਨੇ ਬਹੁਤ ਸਾਰੇ ਲੋਕਾਂ ਨੂੰ ਪਕੜ ਰਖਿਆ ਸੀ। ਕੁਝ ਲੋਕ ਜੋ ਗੁਰੂ ਜੀ ਨੂੰ ਮਿਲੇ, ਉਹ ਚੀਚਕ ਨਾਲ ਪੀੜਤ ਸਨ। ਗੁਰੂ ਜੀ ਹਰ ਕਿਸੇ ਨੂੰ ਆਸ਼ੀਰਵਾਦ ਦੇ ਰਹੇ ਸਨ ਜੋ ਵੀ ਉਹਨਾਂ ਪ੍ਰਤੀ ਸਤਿਕਾਰ ਭੇਂਟ ਕਰ ਰਿਹਾ ਸੀ। ਇਸ ਹਾਲਾਤ ਦੌਰਾਨ, ਗੁਰੂ ਜੀ ਆਪ ਵੀ ਚੀਚਕ ਦੇ ਪੀੜਤ ਹੋ ਗਏ।

ਜਦ ਗੁਰੂ ਜੀ ਬੰਗਲੇ ਵਿਚ ਪਹੁੰਚੇ, ਤਾਂ ਉਹਨਾਂ ਨੂੰ ਬਹੁਤ ਬੁਖਾਰ ਸੀ। ਆਪ ਜੀ ਦੇ ਇਲਾਜ ਲਈ ਮਾਹਰ ਡਾਕਟਰਾਂ ਨੂੰ ਬੁਲਾਇਆ ਗਿਆ। ਚਾਰ ਦਿਨਾਂ ਦੇ ਇਲਾਜ ਦੇ ਬਾਵਜੂਦ, ਬੁਖਾਰ ਨਾ ਘਟਿਆ। ਗੁਰੂ ਜੀ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਗਈ। ਗੁਰੂ ਜੀ ਨੂੰ ਪਤਾ ਚਲ ਗਿਆ ਕਿ ਇਸ ਸੰਸਾਰ ਨੂੰ ਛੱਡਣ ਦਾ ਸਮਾਂ ਆ ਗਿਆ ਸੀ। ਆਪ ਜੀ ਨੇ ਸਿੱਖਾਂ ਨੂੰ ਆਪਣੇ ਕੋਲ ਬੁਲਾਇਆ ਅਤੇ ਉਹਨਾਂ ਨੂੰ ਦਸਿਆ ਕਿ ਬਕਾਲਾ ਵਿਚ ਬਾਬਾ ਜੀ ਸਿੱਖਾਂ ਦੇ ਅਗਲੇ ਗੁਰੂ ਹੋਣਗੇ।

ਅਠਵੇਂ ਨਾਨਕ ਜੀ ਦੇ ਸਰੀਰ ਦਾ ਅੰਤਮ ਸਸਕਾਰ ਦਿੱਲੀ ਵਿਚ ਜਮੁਨਾ ਦੇ ਕਿਨਾਰੇ ਕਰ ਦਿਤਾ ਗਿਆ। ਅੱਜ ਕਲ੍ਹ ਦਿੱਲੀ ਵਿਚ ਉਸ ਜਗਹ ਦੇ ਨੇੜੇ ਗੁਰਦੁਆਰਾ ਬਾਲਾ ਸਾਹਿਬ ਹੈ।

********************

# ੬. ਸਿਰਫ਼ ਗੁਰਬਾਣੀ ਹੀ ਅੰਮ੍ਰਿਤ ਹੈ

ਕੁਝ ਸਿੱਖ ਗੁਰੂਦੁਆਰਾ ਬੰਗਲਾ ਸਾਹਿਬ ਦੇ ਸਰੋਵਰ ਦੇ ਜਲ ਨੂੰ ਹੀ ਅੰਮ੍ਰਿਤ ਸਮਝਦੇ ਹਨ ਕਿ ਇਸ ਵਿਚ ਸ਼ਰੀਰ ਦੇ ਇਲਾਜ ਲਈ ਚਮਤਕਾਰੀ ਸ਼ਕਤੀਆਂ ਹਨ। ਸਿੱਖੀ ਵਿਚ ਅਜਿਹਾ ਕੋਈ ਸੰਕਲਪ ਨਹੀਂ ਹੈ। ਕਿਸੇ ਜਗਹ ਦਾ ਵੀ ਪਾਣੀ ਪਵਿੱਤਰ ਨਹੀਂ ਮੰਨਿਆ ਜਾਂਦਾ। ਸਿੱਖ ਗੁਰੂਆਂ ਨੇ ਜਲ ਦੇ ਪਵਿੱਤਰ ਹੋਣ ਦਾ ਖੰਡਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੰਨਾ ੯੮੨) ਅਨੁਸਾਰ, ਸਿਰਫ਼ ਗੁਰਬਾਣੀ ਹੀ ਅੰਮ੍ਰਿਤ ਹੈ। ਗੁਰਬਾਣੀ ਅਨੁਸਾਰ ਜੀਵਨ ਜੀਊਣਾ ਹੀ ਅੰਮ੍ਰਿਤ ਪੀਣਾ ਹੈ।

> ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
>
> ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥
>
> **ਅਲੰਕਾਰਕ ਸੰਦੇਸ਼:** ਗੁਰੂ ਦੀ ਬਾਣੀ ਸਿੱਖ ਦਾ ਗੁਰੂ ਹੈ, ਗੁਰੂ ਬਾਣੀ ਵਿਚ ਮੌਜੂਦ ਹੈ। ਗੁਰੂ ਦੀ ਬਾਣੀ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਹੈ, ਜਿਸ ਨੂੰ ਸਿੱਖ ਹਰ ਵੇਲੇ ਆਪਣੇ ਹਿਰਦੇ ਵਿਚ ਸਾਂਭ ਰੱਖਦਾ ਹੈ। ਗੁਰੂ ਬਾਣੀ ਉਚਾਰਦਾ ਹੈ, ਗੁਰੂ ਦਾ ਸੇਵਕ ਉਸ ਬਾਣੀ ਉਤੇ ਸਰਧਾ ਰਖਦਾ ਹੈ। ਗੁਰੂ ਉਸ ਸਿੱਖ ਨੂੰ ਯਕੀਨੀ ਤੌਰ ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ ॥

ਇਸਦੇ ਬਾਵਜੂਦ ਵੀ, ਕੁਝ ਸਿੱਖ ਗਲਤੀ ਨਾਲ ਜਲ ਦੇ ਪਵਿੱਤਰ ਹੋਣ ਦੀ ਭਾਵਨਾ ਵਿਚ ਵਿਸ਼ਵਾਸ ਕਰਦੇ ਹਨ। ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੀ ਪੁਸਤਕ 'ਸਿੱਖ ਇਤਿਹਾਸ'-੧ ਦੇ ਪੰਨਾ ੨੮੭-੨੮੮ ਤੇ ਵਿਆਖਿਆ ਦਿੰਦੇ ਹਨ:

> ਵੀਹਵੀਂ ਸਦੀ ਦੇ ਦੂਜੇ ਅੱਧ ਵਿਚ, ਕੋਈ ਪੰਜਾਹ ਸਾਲ ਪਹਿਲਾਂ, ਗੁਰਦੁਆਰਿਆਂ ਦੇ 'ਨਿਰਮਲਾ ਪੁਜਾਰੀਆਂ' (ਵੈਦਿਕ ਗ੍ਰੰਥਾਂ ਵਿਚ ਸਿਖਿਅਕ) ਨੇ ਇਕ ਕਹਾਣੀ ਘੜੀ ਕਿ ਇਸ ਗੁਰਦੁਆਰੇ ਦੇ ਪਾਣੀ ਵਿਚ ਚਮਤਕਾਰੀ ਸ਼ਕਤੀਆਂ ਹਨ। ਉਹਨਾਂ ਨੇ ਇਹ ਪਰਚਾਰ ਵੀ ਕੀਤਾ ਕਿ ਅਠਵੇਂ ਨਾਨਕ ਚੀਚਕ ਦੇ ਪੀੜਤਾਂ ਨੂੰ ਜਲ ਛਕਾਇਆ ਕਰਦੇ ਸਨ ਅਤੇ ਇਸਤ੍ਰਾਂ ਹੀ ਉਹ ਆਪ ਚੀਚਕ ਦੇ ਪੀੜਤ ਹੋ ਗਏ। ਇਹ ਮੰਨਣ ਵਿਚ ਨਹੀਂ ਆਉਂਦਾ ਕਿ ਇਥੇ ਕੋਈ ਮੰਗਤੇ ਜਾਂ ਸਧਾਰਨ ਬੀਮਾਰ ਲੋਕ ਇਸ ਤਲਾਬ ਤੇ ਆਉਂਦੇ ਹੋਣ ਅਤੇ ਅਠਵੇਂ ਨਾਨਕ ਉਹਨਾਂ ਨੂੰ ਚਮਤਕਾਰੀ ਜਲ ਛਕਾਉਂਦੇ ਸਨ। ਇਹ ਤਲਾਬ ਤਾਂ ਰਾਜਾ ਜੈ ਸਿੰਘ ਦੇ ਬੰਗਲੇ ਦੇ ਅੰਦਰ ਸੀ।

(*)ਖੰਡੇ ਦੀ ਪਾਹੁਲ ਸਮਾਗਮ ਵੇਲੇ ਵੀ "ਅੰਮ੍ਰਿਤ" ਸ਼ਬਦ ਦਾ ਉਪਯੋਗ ਕੀਤਾ ਜਾਂਦਾ ਹੈ। ਸਿੱਖੀ ਧਾਰਣ ਕਰਨ ਦੇ ਸਮਾਗਮ ਵਿਚ ਇਸਨੂੰ ਸਤਿਕਾਰ ਵਜੋਂ ਜਾਣਿਆ ਜਾਂਦਾ ਹੈ, ਨਾ ਕਿ ਅੰਮ੍ਰਿਤ ਵਿਚ ਕਿਸੇ ਚਮਤਕਾਰੀ ਸ਼ਕਤੀਆਂ ਦੇ ਹੋਣ ਕਰਕੇ।

********************

# ੭. ਗੁਰੂ ਹਰਿ ਕ੍ਰਿਸ਼ਨ ਜੀ ਦੀਆਂ ਵਿਸ਼ੇਸ਼ਤਾਈਆਂ

**੧੬੫੬ – ੧੬੬੪**

| | |
|---|---|
| ਜਨਮ: | ਜੁਲਾਈ ੭, ੧੬੫੬ |
| ਜਨਮ ਸਥਾਨ: | ਕੀਰਤਪੁਰ |
| ਪਿਤਾ ਮਾਤਾ ਜੀ: | ਗੁਰੂ ਹਰਿ ਰਾਏ ਜੀ ਅਤੇ ਮਾਤਾ ਕ੍ਰਿਸ਼ਨ ਕੌਰ (ਸੁਲੱਖਣੀ ਜੀ) |
| ਭਰਾ: | ਰਾਮ ਰਾਏ (ਵੱਡਾ ਭਰਾ) |
| ਬੱਚੇ: | ਕੋਈ ਨਹੀਂ |
| ਗੁਰਗੱਦੀ: | ੧੬੬੧ (ਉਮਰ ਪੰਜ ਸਾਲ) |
| ਜੋਤੀ ਜੋਤ ਸਮਾਏ: | ਮਾਰਚ ੩੦, ੧੬੬੪ (ਉਮਰ ਅੱਠ ਸਾਲ) |
| ਬਾਣੀ: | ਕੋਈ ਨਹੀਂ |
| ਵਿਸ਼ੇਸ਼ ਯੋਗਦਾਨ | ਤੇਗ਼ ਬਹਾਦਰ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁੱਕਤ ਕਰਨ ਦਾ ਫ਼ੈਸਲਾ ਆਪ ਜੀ ਦੀ ਦੂਰ-ਦ੍ਰਿਸ਼ਟਤਾ ਦਾ ਪ੍ਰਤੀਕ ਸੀ।<br>ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨਾਲ ਬੜੀ ਬਹਾਦਰੀ ਨਾਲ ਵਿਵਹਾਰ ਕੀਤਾ।<br>ਰਾਮ ਰਾਏ ਨੂੰ ਅਠਵਾਂ ਨਾਨਕ ਨਿਯੁੱਕਤ ਨਾ ਕੀਤੇ ਜਾਣ ਤੇ ਉਸਦੇ ਨਾਰਾਜ਼ ਅਤੇ ਲੜਾਕੂ ਹੋਣ ਦੇ ਬਾਵਜੂਦ, ਆਪ ਜੀ ਨੇ ਉਸ ਨਾਲ ਬੜੀ ਨਿਮ੍ਰਤਾ ਨਾਲ ਵਿਵਹਾਰ ਕੀਤਾ।<br>ਆਪ ਜੀ ਮਾਨਵਤਾ ਪ੍ਰਤੀ ਪਿਆਰ ਨਾਲ ਭਰਪੂਰ ਸਨ। ਚੀਚਕ ਨਾਲ ਪੀੜਤ ਲੋਕਾਂ ਨੂੰ ਮਿਲਣ ਨਾਲ ਬੀਮਾਰੀ ਹੋਣ ਦੇ ਡਰ ਤੋਂ ਆਪ ਜੀ ਬਿਲਕੁਲ ਨਹੀਂ ਝਿਜਕੇ। |

********************

# ਵਿਸ਼ੇਸ਼ ਸੰਸਾਰਕ ਘਟਨਾਵਾਂ

## (ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮੇਂ ਦੌਰਾਨ)

| | |
|---|---|
| ੧੬੫੮ | ਔਰੰਗਜ਼ੇਬ ਨੇ ਆਪਣੇ ਭਰਾ ਦਾਰਾ ਸਿਕੋਹ ਨੂੰ ਹਰਾਇਆ, ਆਪਣੇ ਪਿਤਾ ਅਤੇ ਭਰਾ ਮੁਰਾਦ ਨੂੰ ਜੇਹਲ ਵਿਚ ਕੈਦ ਕੀਤਾ ਅਤੇ ਖੁਦ ਤਾਜ ਪਹਨਿਆ। |
| ੧੬੬੫ | ਦੂਰਬੀਨ ਦੀ ਬਹੁਤ ਵਧੇਰੇ ਵਰਤੋਂ ਸ਼ੁਰੂ ਹੋ ਗਈ ਸੀ। ਕੁਦਰਤ ਦੇ ਇਕ ਅੰਗਰੇਜ਼ ਫ਼ਿਲਾਸਫ਼ਰ ਰਾਬਰਟ ਹੁੱਕ ਨੇ ਕਾਰਕ ਵਿਚ ਜੀਵਤ ਪੌਦਿਆਂ ਦੀ ਹੋਂਦ ਨੂੰ ਲਭਿਆ, ਜਿਹਨਾਂ ਨੂੰ ਉਸਨੇ ਸੈੱਲ ਕਿਹਾ। |
| ੧੬੬੭ | ਖੂਨ ਦੀ ਤਬਦੀਲੀ ਕਰਦਿਆਂ ਦੋ ਸਾਲ ਹੋ ਗਏ ਸਨ। ਕੁੱਤਿਆਂ ਨੂੰ ਦੂਜੇ ਕੁਤਿਆਂ ਤੋਂ ਖੂਨ ਦਾ ਤਬਾਦਲਾ ਕਰਕੇ ਜੀਵਤ ਰਖਿਆ ਜਾਂਦਾ ਸੀ। |

# ਹਵਾਲੇ


1. *ਸ਼ਕਿਹ ਠਓਵਓਰਏਕਹ (ਫਓਰਟੌਨਏ, ੧੪੬੯-੧੭੦੮)*, ਡਾ. ਹਰਜਿੰਦਰ ਸਿੰਘ ਦਿਲਗੀਰ, ਪ੍ਰਕਾਸ਼ਕ - ਸਿੰਘ ਬ੍ਰਦਰਸ, ਅੰਮ੍ਰਿਤਸਰ।
2. *ਗੁਰ ਇਤਿਹਾਸ (ਪਾਤਸ਼ਾਹੀ ੨-੯)*, ਪ੍ਰੋ. ਸ਼ਾਹਿਬ ਸਿੰਘ, ਸਿੰਘ ਬ੍ਰਦਰਸ, ਅੰਮ੍ਰਿਤਸਰ
3. *ਅਬੋਟ ਛੋਮਪਲਿਓਟੋਨਿੋਡ ਸ਼ਰ ਗੁਰੁ ਘਰਓਨਟਹ ਸ਼ਓਹਬਿ*, ਪ੍ਰੋ. ਸ਼ਾਹਿਬ ਸਿੰਘ, ਲੋਕ ਸਾਹਿਤ ਪ੍ਰਕਾਸ਼ਨ, ਅੰਮਿਤਸਰ।
4. ਸ਼੍ਰੋ. ਗੁ. ਪ੍ਰ. ਕ., ਾਏਬਸਟਿਏ, ਹਟਟਪ://ਸਗਪਚ.ਨਏਟ/ਟਏਨ-ਗੁਰੁ-ਸਓਹਬਿਸ/ਗੁਰੁ-ਠਏਗ-ਭਓਹਓਦਓਰ-ਸਓਹਬਿ/
5. ਗੂਗਲ ਤੋਂ, ਸੰਸਾਰ ਦੀਆਂ ਵਿਸ਼ੇਸ ਘਟਨਾਵਾਂ
6. *ਠਹਏ ਸ਼ਕਿਹਸ, ਪਤਵੰਤ ਸਿੰਘ, ਰੂਪਾ ਐਂਡ ਕੰਪਨੀ, ਨਵੀਂ ਦਿਲੀ।*
7. *ਠਹਏ ਸ਼ਕਿਹਸੋਡ ਟਹਏ ਫੁਨਜਓਬ, ਜੇ. ਐਸ. ਗਰੇਵਾਲ, ਫਾਊਂਡੇਸ਼ਨ ਬੁਕਸ, ਨਵੀਂ ਦਿਲੀ।*

# ਹੇਮਕੁੰਟ ਫ਼ਾਊਂਡੇਸਨ ਦੀਆਂ ਪੁਸਤਕਾਂ:

੧. *ਗੁਰੂ ਨਾਨਕ ਸਾਹਿਬ* (ਅੰਗ੍ਰੇਜ਼ੀ ਅਤੇ ਪੰਜਾਬੀ; ੬–੮ ਸਾਲ ਦੀ ਆਯੂ ਲਈ)

੨. *ਦੂਜਾ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੬–੮ ਸਾਲ ਦੀ ਆਯੂ ਲਈ)

*੩. ਤੀਜਾ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੬–੮ ਸਾਲ ਦੀ ਆਯੂ ਲਈ)

*੪. ਚੌਥਾ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯–੧੧ ਸਾਲ ਦੀ ਆਯੂ ਲਈ)

*੩.* ਪੰਜਵੇਂ ਨਾਨਕ (ਅੰਗ੍ਰੇਜ਼ੀ ਅਤੇ ਪੰਜਾਬੀ; ੯–੧੧ ਸਾਲ ਦੀ ਆਯੂ ਲਈ).

*੪. ਛੇਵਾਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯–੧੧ ਸਾਲ ਦੀ ਆਯੂ ਲਈ)

*੫. ਸਤਵਾਂ ਅਤੇ ਅਠਵਾਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੧੨–੧੪ ਸਾਲ ਦੀ ਆਯੂ ਲਈ)

*੫. ਨੌਂਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੧੨–੧੪ ਸਾਲ ਦੀ ਆਯੂ ਲਈ)

*੬. ਦਸਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੧੨–੧੪ ਸਾਲ ਦੀ ਆਯੂ ਲਈ)

*੭.* ੧੭੧੮–੧੮੦੧ ਦੇ ਸਿੱਖ (ਅੰਗ੍ਰੇਜ਼ੀ ਅਤੇ ਪੰਜਾਬੀ; ੧੨–੧੪ ਸਾਲ ਦੀ ਆਯੂ ਲਈ)

੮. ਸਿੱਖੀ ਮੇਰੇ ਲਈ - ਇਥੇ ਅਤ ਹੁਣੇ, ਭੁਪਿੰਦਰ ਸਿੰਘ ਅਤੇ ਪਰਮਜੀਤ ਸਿੰਘ ਸਚਦੇਵਾ ਨਾਲ (ਅੰਗ੍ਰੇਜ਼ੀ ਅਤੇ ਪੰਜਾਬੀ)

*੯. ਸ੍ਰੀ ਗੁਰੂ ਗਰੰਥ ਸਾਹਿਬ ਵਿਚ ਭਗਤਾਂ ਦਾ ਸੰਦੇਸ਼,* ਭੁਪਿੰਦਰ ਸਿੰਘ ਅਤੇ ਪਰਮਜੀਤ ਸਿੰਘ ਸਚਦੇਵਾ ਨਾਲ (ਅੰਗ੍ਰੇਜ਼ੀ ਅਤੇ ਪੰਜਾਬੀ)